# ਸਿਟੀ ਨੇ ਬ੍ਰੈਂਪਟਨ ਦੇ ਮਕਾਨ ਮਾਲਕਾਂ ਲਈ 22 ਸਤੰਬਰ ਤੱਕ ਹੀਟ ਵਿਕਲਪ ਉਪਲਬਧ ਕਰਵਾਉਣ ਨੂੰ ਜ਼ਰੂਰੀ ਬਣਾਇਆ

ਬ੍ਰੈਂਪਟਨ, ਓਨਟੈਰੀਓ (8 ਸਤੰਬਰ, 2021) – 22 ਸਤੰਬਰ, 2021 ਤੋਂ, ਸਿਟੀ ਆਫ ਬ੍ਰੈਂਪਟਨ ਦੇ ਅੰਦਰ ਮਕਾਨ ਮਾਲਕਾਂ ਲਈ ਜ਼ਰੂਰੀ ਹੈ ਕਿ ਉਹ ਆਪਣੇ ਕਿਰਾਏਦਾਰਾਂ ਨੂੰ ਹੀਟ ਵਿਕਲਪ ਉਪਲਬਧ ਕਰਵਾਉਣ।

ਆਮ ਤੌਰ ਤੇ, ਵਾਈਟਲ ਸਰਵਿਸਿਜ ਬਾਇ-ਲਾਅ (Vital Services By-Law) ਦੇ ਮੁਤਾਬਕ, 15 ਸਤੰਬਰ ਤੋਂ ਸ਼ੁਰੂ ਕਰਦੇ ਹੋਏ ਕਿਰਾਏ ਵਾਲੀਆਂ ਰਿਹਾਇਸ਼ ਯੂਨਿਟਾਂ ਵਿੱਚ ਮਕਾਨ ਮਾਲਕ ਵੱਲੋਂ ਢੁੱਕਵੇਂ ਹੀਟ ਵਿਕਲਪ ਉਪਲਬਧ ਕਰਵਾਉਣਾ ਜ਼ਰੂਰੀ ਹੈ। ਹਾਲਾਂਕਿ, ਸਤੰਬਰ ਦੇ ਮਹੀਨੇ ਵਿੱਚ ਜ਼ਿਆਦਾਤਰ ਦਿਨ 20 ਸੈਲਸੀਅਸ ਤੋਂ ਵੱਧ ਦੇ ਤਾਪਮਾਨ ਦੇ ਪੂਰਵ-ਅਨੁਮਾਨ ਨੂੰ ਦੇਖਦੇ ਹੋਏ, ਸਿਟੀ ਨੇ ਸ਼ੁਰੂਆਤੀ ਤਾਰੀਖ ਨੂੰ 15 ਸਤੰਬਰ ਤੋਂ ਬਦਲ ਕੇ 22 ਸਤੰਬਰ ਕਰ ਦਿੱਤਾ ਹੈ।

ਇਹ ਵਾਈਟਲ ਸਰਵਿਸਿਜ ਬਾਇ-ਲਾਅ (Vital Services By-Law) ਦੇ ਸੈਕਸ਼ਨ 15 ਦੇ ਮੁਤਾਬਕ ਹੈ, ਜਿਸ ਵਿੱਚ ਡਾਇਰੈਕਟਰ ਆਫ ਐਨਫੋਰਸਮੈਂਟ ਐਂਡ ਬਾਇ-ਲਾਅ ਸਰਵਿਸਿਜ (Director of Enforcement and By-Law Services) ਨੂੰ ਕਾਉਂਸਿਲ ਵੱਲੋਂ, ਮਕਾਨ ਮਾਲਕ ਵੱਲੋਂ ਹੀਟ ਵਿਕਲਪ ਉਪਲਬਧ ਕਰਵਾਉਣ ਲਈ ਸ਼ੁਰੂ ਦੀਆਂ ਅਤੇ ਖ਼ਤਮ ਹੋਣ ਦੀਆਂ ਤਾਰੀਖਾਂ ਨੂੰ ਘਟਾਉਣ ਜਾਂ ਵਧਾਉਣ ਦਾ ਅਧਿਕਾਰ ਦਿੱਤਾ ਗਿਆ ਹੈ।

ਸਿਟੀ ਦੇ ਵਾਈਟਲ ਸਰਵਿਸਿਜ ਬਾਇ-ਲਾਅ ਬਾਰੇ ਹੋਰ ਜਾਣਕਾਰੀ ਲਈ, ਇੱਥੇ (here) ਕਲਿੱਕ ਕਰੋ।

-30-

**ਮੀਡੀਆ ਸੰਪਰਕ**
ਪ੍ਰਭਜੋਤ ਕੈਂਥ (Prabhjot Kainth)
ਕੋਆਰਡੀਨੇਟਰ, ਮੀਡੀਆ ਐਂਡ ਕਮਿਊਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਊਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Prabhjot.Kainth@brampton.ca